ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

## ਹੁਕਮ

ਸਰਕਾਰ ਦੇ ਪੱਤਰ ਨੰ: 5/66/15-2ਸਿ4/864382/1-12, ਮਿਤੀ 24.10.16 ਰਾਹੀਂ ਵੋਕੇਸ਼ਨਲ ਮਾਸਟਰਾਂ/ ਲੈਕਚਰਾਰਾਂ ਤੋਂ ਪਦ-ਉਨਤ ਹੋਏ ਪ੍ਰਿੰਸੀਪਲਾਂ ਨੂੰ ਰਿਵਰਟ ਕੀਤਾ ਗਿਆ ਸੀ ਪ੍ਰੰਤੂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 22469 ਆਫ 2016 ਵਿੱਚ ਮਿਤੀ 26.10.2016 ਨੂੰ ਹੋਰ ਰਿੱਟਾਂ ਅਟੈਚ ਕਰਦੇ ਹੋਏ, ਇਨ੍ਹਾਂ ਰਿਵਰਟ ਕੀਤੇ ਪ੍ਰਿੰਸੀਪਲਾਂ ਨੂੰ ਸਟੇਅ ਦਿੰਦੇ ਹੋਏ ਐਡਹਾਕ ਪ੍ਰਿੰਸੀਪਲ ਦੇ ਤੌਰ ਤੇ ਕੰਮ ਕਰਦੇ ਰਹਿਣ ਦੇ ਹੁਕਮ ਕੀਤੇ ਗਏ ਸਨ। ਇਸ ਲਈ ਇਨ੍ਹਾਂ ਅਧਿਕਾਰੀਆਂ ਤੋਂ ਡੀ.ਡੀ.ਓ ਪਾਵਰਾਂ ਸਰਕਾਰ ਦੇ ਪੱਤਰ ਨੰ: 5/66/15-2ਸਿ4(4ਸਿ4)/957129/1-6 ਮਿਤੀ 18-04-2017 ਰਾਹੀਂ ਵਾਪਸ ਲਈਆਂ ਗਈਆਂ ਸਨ। ਇਨ੍ਹਾਂ ਪ੍ਰਿੰਸੀਪਲਾਂ/ਅਧਿਕਾਰੀਆਂ ਦੀਆਂ ਡੀ ਡੀ ਓ ਪਾਵਰਾਂ ਪ੍ਰਬੰਧਕੀ ਕਾਰਨਾਂ ਕਰਕੇ ਹੁਣ ਤੁਰੰਤ ਪ੍ਰਭਾਵ ਤੋਂ ਬਹਾਲ ਕੀਤੀਆਂ ਜਾਂਦੀਆਂ ਹਨ।

2. ਸਰਕਾਰ ਦੇ ਪੱਤਰ ਨੰ: 5/66/15-2ਸਿ4(4ਸਿ4)/976017/1-8 ਮਿਤੀ 12-05-2017 ਅਤੇ ਇਸ ਦੀ ਲਗਾਤਰਤਾ ਵਿਚ ਹੋਰ ਪੱਤਰਾਂ ਰਾਹੀਂ ਜਿਨ੍ਹਾਂ ਨੇੜੇ ਦੇ ਸਕੂਲਾਂ ਦੇ ਪ੍ਰਿੰਸੀਪਲਾਂ/ਅਧਿਕਾਰੀਆਂ ਨੂੰ ਇਨ੍ਹਾਂ ਐਡਹਾਕ ਪ੍ਰਿੰਸੀਪਲਾਂ/ਅਧਿਕਾਰੀਆਂ ਦੀਆਂ ਡੀ ਡੀ ਓ ਪਾਵਰਾਂ ਜਾਰੀ ਕੀਤੀਆਂ ਗਈਆਂ ਸਨ ਉਨ੍ਹਾਂ ਦੀਆਂ ਡੀ ਡੀ ਓ ਪਾਵਰਾਂ ਤਤਕਾਲ ਸਮੇਂ ਤੋਂ ਰੱਦ ਕੀਤੀਆਂ ਜਾਂਦੀਆਂ ਹਨ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਜੀ.ਵਜਰਾਲਿੰਗਮ, ਆਈ.ਏ.ਐਸ.,**
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ ਸਕੂਲਜ।

ਮਿਤੀ, ਚੰਡੀਗੜ੍ਹ
14/06/2017

ਪਿ:ਅੰ:ਨੰ: 5/66/15-2ਸਿ4(4ਸਿ4)/1002541/1-10 ਮਿਤੀ ਚੰਡੀਗੜ੍ਹ: 15-06-17

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, ਪੰਜਾਬ (ਲੇਖਾ ਤੇ ਹੱਕਦਾਰੀ), ਚੰਡੀਗੜ੍ਹ;
2. ਮਹਾਂਲੇਖਾਕਾਰ, ਪੰਜਾਬ (ਆਡਿਟ),ਚੰਡੀਗੜ੍ਹ;
3. ਸਮੂਹ ਜਿਲ੍ਹਾ ਖਜਾਨਾ ਅਫਸਰ, ਪੰਜਾਬ;
4. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਐਸ ਏ ਐਸ ਨਗਰ, ਪੰਜਾਬ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾਵੇ;
5. ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ), ਐਸ ਏ ਐਸ ਨਗਰ, ਪੰਜਾਬ;
6. ਡਾਇਰੈਕਟਰ ਸਿੱਖਿਆ ਵਿਭਾਗ(ਐਸਿ), ਐਸ ਏ ਐਸ ਨਗਰ, ਪੰਜਾਬ;
7. ਸਮੂਹ ਮੰਡਲ ਸਿੱਖਿਆ ਅਫਸਰ (ਨਾਭਾ, ਜਲੰਧਰ ਅਤੇ ਫਰੀਦਕੋਟ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਸਬੰਧਤ ਅਧਿਕਾਰੀਆਂ ਨੂੰ ਆਪਣੇ ਪੱਧਰ ਤੇ ਸੂਚਿਤ ਕਰਨ;
8. ਬਜਟ ਅਫਸਰ, ਵਿੱਤ ਵਿਭਾਗ (ਵਿੱਤ ਖਰਚਾ-2 ਸਾਖਾ);
9. ਸਬੰਧਤ ਅਧਿਕਾਰੀ ਜਿਨ੍ਹਾਂ ਨੂੰ ਡੀ ਡੀ ਓ ਪਾਵਰਾਂ ਵਾਪਸ ਦਿੱਤੀਆਂ ਜਾ ਰਹੀਆਂ ਹਨ ਉਹ ਇਨ੍ਹਾਂ ਹੁਕਮਾਂ ਦੀ ਕਾਪੀ ਵੈਬਸਾਈਟ ਤੋਂ ਪ੍ਰਾਪਤ ਕਰਨ।

ਸੰਯੁਕਤ ਸਕੱਤਰ ਸਕੂਲ ਸਿੱਖਿਆ